# ਪਿੱਠ-ਭੂਮੀ 7

ਤੁਰੰਤ ਜਾਰੀ ਕਰਨ ਹਿਤ

ਵਿੱਤ ਮੰਤਰਾਲਾ

2021FIN0023-000744

20 ਅਪ੍ਰੈਲ, 2021

**ਬੀ ਸੀ ਦੀ ਇੱਕ ਵਧੇਰੇ ਹਰਿਤ ਮੁੜ-ਬਹਾਲੀ ਲਈ ਤਿਆਰੀ**

ਬਜਟ 2021 ਉਸ ਪ੍ਰਗਤੀ ਨੂੰ ਅੱਗੇ ਵਧਾਉਂਦਾ ਹੈ ਜੋ ਸਰਕਾਰ ਨੇ ਉਤਸਰਜਨ ਨੂੰ ਘਟਾਉਣ ਅਤੇ ਨਵੇਂ ਅਵਸਰ ਪੈਦਾ ਕਰਨ ਅਤੇ ਖ਼੍ਰੀਦ-ਪਹੁੰਚ ਯੋਗਤਾ ਨੂੰ ਉਭਾਰਨ ਲਈ ਹੋਰ ਵਧੇਰੇ $506 ਮਿਲੀਅਨ ਦਾ ਨਿਵੇਸ਼ ਕਰ ਕੇ ਕਲੀਨ ਬੀ ਸੀ ਰਾਹੀਂ ਹਰ ਇੱਕ ਲਈ ਇੱਕ ਵਧੇਰੇ ਸ਼ੁੱਧ, ਵਧੇਰੇ ਮਜ਼ਬੂਤ ਆਰਥਕਤਾ ਉਤਪੰਨ ਕਰਨ ਨਾਲ ਕੀਤੀ ਹੈ। ਅਲਪ-ਕਾਰਬਨ ਆਰਥਕਤਾ ਅਤੇ ਉਤਸਰਜਨ ਵਿੱਚ ਕਮੀ ਲਈ ਇਹ ਨਿਵੇਸ਼ ਬੀ ਸੀ ਨੂੰ ਇੱਕ ਮਜ਼ਬੂਤ ਆਰਥਕ ਮੁੜ-ਬਹਾਲੀ ਦੀ ਸਥਿਤੀ ਵਿੱਚ ਲਿਆਉਣ ਲਈ ਪ੍ਰਮੁੱਖ ਚੀਜ਼ ਹਨ।

ਭਾਈਵਾਲਾਂ ਦੇ ਇੱਕ ਵੱਡੇ ਦਾਇਰੇ ਰਾਹੀਂ, ਸਰਕਾਰ ਨੇ ਜਲਵਾਯੂ ਪਰਿਵਰਤਨ, ਭਾਈਚਾਰਿਆਂ ਦੀ ਸੁਰੱਖਿਆ, ਬੀ ਸੀ ਦੀ ਆਰਥਕਤਾ ਦਾ ਦਾਇਰਾ ਵਧਾਉਣ ਅਤੇ ਪੂਰੇ ਸੂਬੇ ਵਿੱਚ ਲੋਕਾਂ ਲਈ ਨਵੀਆਂ ਨੌਕਰੀਆਂ ਅਤੇ ਅਵਸਰ ਪੈਦਾ ਕਰਨ ਦੀ ਚੁਣੌਤੀ ਦਾ ਸਾਹਮਣਾ ਕਰਦਿਆਂ ਇੱਕ ਬਿਹਤਰ ਭਵਿੱਖ ਦੀ ਨੀਂਹ ਰੱਖੀ ਹੈ।

ਸੂਬਾ ਵਿੱਚ ਨਵੇਂ ਇਲੈਕਟ੍ਰਿਕ ਲਾਈਟ ਡਿਊਟੀ ਵਾਹਨਾਂ ਦੀ ਵਿਕਰੀ ਵਿੱਚ ਨਾਟਕੀ ਢੰਗ ਨਾਲ ਵਾਧਾ ਹੋਇਆ ਹੈ, ਜੋ ਉੱਤਰੀ ਅਮਰੀਕਾ ਵਿੱਚ ਸਭ ਤੋਂ ਵੱਧ ਹੈ। ਬੀ ਸੀ ਦਾ ਜ਼ੀਰੋ-ਉਤਸਰਜਨ ਖੇਤਰ ਸੂਬਾਈ ਆਰਥਕਤਾ ਵਿੱਚ ਲਗਭਗ $600 ਮਿਲੀਅਨ ਦਾ ਯੋਗਦਾਨ ਦਿੰਦਾ ਹੈ। ਕਲੀਨ ਬੀ ਸੀ ਦੇ ਤਹਿਤ ਛੋਟਾਂ ਅਤੇ ਘੱਟ ਵਿਆਜ 'ਤੇ ਵਿੱਤ-ਪੋਸ਼ਣ ਨਾਲ ਇਮਾਰਤਾਂ ਵਿੱਚ ਊਰਜਾ-ਰੱਖਿਅਕ ਸੁਧਾਰ ਕਰਨਾ ਵਧੇਰੇ ਖ਼੍ਰੀਦ-ਪਹੁੰਚ ਯੋਗ ਹੋ ਗਿਆ ਹੈ, ਅਤੇ ਸਰਕਾਰ ਉਦਯੋਗ ਨਾਲ ਸਹਿਯੋਗ ਕਰ ਰਹੀ ਹੈ ਤਾਂ ਕਿ ਉਦਯੋਗ ਲਈ ਕਲੀਨ ਬੀ ਸੀ ਪ੍ਰੋਗਰਾਮ ਰਾਹੀਂ ਵਧੇਰੇ ਸ਼ੁੱਧ ਤਕਨਾਲੋਜੀ ਨਾਲ ਅਤੇ ਊਰਜਾ-ਕੁਸ਼ਲਤਾ ਨੂੰ ਵਧਾ ਕੇ ਉਤਸਰਜਨ ਨੂੰ ਘਟਾਇਆ ਜਾ ਸਕੇ।

ਸਟਰੌਂਗਰ ਬੀ ਸੀ ਰਾਹੀਂ, ਸਰਕਾਰ ਨੇ ਨੌਕਰੀਆਂ ਅਤੇ ਸਥਿਤੀ ਅਨੁਰੂਪ ਵਧੇਰੇ ਢਲ ਸਕਣ ਵਾਲੀ ਇੱਕ ਆਰਥਕਤਾ ਵਿੱਚ ਸਹਾਇਤਾ ਦੇਣ ਲਈ $190 ਮਿਲੀਅਨ ਦਾ ਨਿਵੇਸ਼ ਕੀਤਾ ਹੈ। ਇਸ ਨਾਲ ਆਵਾਜਾਈ ਵਿੱਚ ਉਤਸਰਜਨ ਘਟਾਉਣ ਵਿੱਚ ਮਦਦ ਮਿਲੇਗੀ, ਅਲਪ-ਕਾਰਬਨ ਨਵੀਨਤਾਕਾਰੀ ਮਜ਼ਬੂਤ ਬਣੇਗੀ, ਨਾਜ਼ੁਕ ਵਾਟਰਸ਼ੈੱਡਾਂ ਅਤੇ ਕੁਦਰਤੀ ਨਿਵਾਸ ਨੂੰ ਪੂਰਵ-ਅਵਸਥਾ ਪ੍ਰਾਪਤੀ ਅਤੇ ਸੁਰੱਖਿਆ ਮਿਲੇਗੀ ਅਤੇ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਦੇ ਨਾਲ ਨਾਲ ਇਸ ਦੇ ਪ੍ਰਭਾਵਾਂ ਲਈ ਤਿਆਰੀ ਕੀਤੀ ਜਾਵੇਗੀ।

ਬਜਟ 2021 ਰਾਹੀਂ ਨਿਵੇਸ਼ਾਂ ਨਾਲ ਪੰਜ ਸਾਲਾਂ ਦੌਰਾਨ ਕਲੀਨ ਬੀ ਸੀ ਲਈ ਕੁੱਲ ਮਾਲੀ ਮਦਦ ਤਕਰੀਬਨ $2.2 ਬਿਲੀਅਨ ਤੱਕ ਪਹੁੰਚ ਗਈ ਹੈ।

**ਵਧੇਰੇ ਸ਼ੁੱਧ ਆਵਾਜਾਈ**

ਸੂਬਾ ਸਰਕਾਰ ਇਲੈਕਟ੍ਰਿਕ ਕਾਰਾਂ ਨੂੰ ਵਧੇਰੇ ਖ਼੍ਰੀਦ-ਪਹੁੰਚ ਯੋਗ ਬਣਾ ਕੇ, ਚਾਰਜਿੰਗ ਸਟੇਸ਼ਨਾਂ ਵਿੱਚ ਨਿਵੇਸ਼ ਕਰ ਕੇ ਅਤੇ ਨਵਿਆਉਣ-ਯੋਗ ਫ਼ਿਊਲ ਦੀ ਵਰਤੋਂ ਸ਼ੁਰੂ ਕਰ ਕੇ ਸ਼ੁੱਧ ਆਵਾਜਾਈ ਵੱਲ ਪਰਿਵਰਤਨ ਵਿੱਚ ਨਿਵੇਸ਼ ਕਰਨਾ ਜਾਰੀ ਰੱਖ ਰਹੀ ਹੈ। ਬਜਟ 2021 ਵਿੱਚ ਜ਼ੀਰੋ-ਉਤਸਰਜਨ ਵਾਹਨਾਂ, ਇਲੈਕਟ੍ਰਿਕ ਚਾਰਜਿੰਗ ਸਟੇਸ਼ਨਾਂ, ਤਕਨਾਲੋਜੀ ਵਿਕਾਸ ਅਤੇ ਸਕੂਲ ਬਸਾਂ, ਫ਼ੈਰੀਆਂ ਅਤੇ ਸਰਕਾਰੀ ਫ਼ਲੀਟਾਂ ਦੇ ਬਿਜਲੀਕਰਣ ਲਈ ਪ੍ਰੋਤਸਾਹਨ ਲਈ $130 ਮਿਲੀਅਨ ਰੱਖੇ ਗਏ ਹਨ। ਇਸ ਵਿੱਚ ਸ਼ਾਮਲ ਹੈ:

- $94 ਮਿਲੀਅਨ ਨਾਲ ਜ਼ੀਰੋ-ਉਤਸਰਜਨ ਵਾਹਨ, ਚਾਰਜਿੰਗ ਸਟੇਸ਼ਨ ਖ਼੍ਰੀਦਣ ਲਈ ਗੋ ਇਲੈਕਟ੍ਰਿਕ ਪ੍ਰੋਗਰਾਮ ਦੇ ਤਹਿਤ ਛੋਟਾਂ ਅਤੇ ਹੈਵੀ-ਡਿਊਟੀ ਵਾਹਨਾਂ ਦੇ ਵਪਾਰੀਕਰਣ ਵਿੱਚ ਸਹਾਇਤਾ ਦਿੱਤੀ ਜਾਵੇਗੀ।

- $18 ਮਿਲੀਅਨ, ਕਿਰਿਆਸ਼ੀਲ ਆਵਾਜਾਈ ਬੁਨਿਆਦੀ ਢਾਂਚੇ ਲਈ, ਜਿਵੇਂ ਕਿ ਬਾਈਕ ਲੇਨਾਂ, ਸਾਈਡ ਵਾਕ ਅਤੇ ਮਲਟੀ-ਯੂਜ਼ ਪਾਥਵੇਅ।
- ਇਲੈਕਟ੍ਰਿਕ ਬਾਈਕਾਂ 'ਤੇ ਪੀ ਐੱਸ ਟੀ ਦੀ ਛੋਟ ਤਾਂ ਕਿ ਵਧੇਰੇ ਕਿਰਿਆਸ਼ੀਲ ਆਵਾਜਾਈ ਨੂੰ ਉਤਸ਼ਾਹਤ ਕੀਤਾ ਜਾ ਸਕੇ ਜਿਸ ਨਾਲ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਸਾਲਾਨਾ ਅੰਦਾਜ਼ਨ $7 ਮਿਲੀਅਨ ਦੀ ਬੱਚਤ ਹੋਵੇਗੀ।
- $10 ਮਿਲੀਅਨ, ਤਾਂ ਕਿ ਫ਼ਿਊਲ ਦੀ ਕਾਰਬਨ ਤੀਬਰਤਾ ਨੂੰ ਘਟਾਉਣ ਲਈ ਅਤੇ ਬੀ ਸੀ ਵਿੱਚ ਹਾਈਡ੍ਰੋਜਨ ਆਰਥਕਤਾ ਦੇ ਵਿਕਾਸ ਲਈ ਅੱਗੇ ਹੋਰ ਨੀਤੀ ਵਿਕਸਤ ਕੀਤੀ ਜਾ ਸਕੇ।

**ਬਿਹਤਰ ਇਮਾਰਤਾਂ, ਵਧੇਰੇ ਮਜ਼ਬੂਤ ਭਾਈਚਾਰੇ**

ਬਜਟ 2021 ਰਾਹੀਂ ਇਮਾਰਤਾਂ ਵਿੱਚ ਊਰਜਾ-ਕੁਸ਼ਲਤਾ, ਸ਼ਹਿਰੀ ਯੋਜਨਾਬੰਦੀ ਅਤੇ ਦੂਰ-ਦੁਰਾਡੇ ਅਤੇ ਮੂਲਵਾਸੀ ਭਾਈਚਾਰਿਆਂ ਵਿੱਚ ਡੀਜ਼ਲ ਦੀ ਵਰਤੋਂ ਘਟਾਉਣ ਲਈ ਮਾਲੀ ਮਦਦ ਵਿੱਚ ਵਾਧਾ ਕਰ ਕੇ ਭਾਈਚਾਰਿਆਂ ਨੂੰ ਵਧੇਰੇ ਸ਼ੁੱਧ, ਵਧੇਰੇ ਮਜ਼ਬੂਤ ਬਣਾਉਣ ਵਿੱਚ ਸਹਾਇਤਾ ਮਿਲੇਗੀ। ਇਸ ਵਿੱਚ ਸ਼ਾਮਲ ਹੈ:

- $46 ਮਿਲੀਅਨ, ਊਰਜਾ-ਕੁਸ਼ਲ ਇਮਾਰਤਾਂ ਅਤੇ ਭਾਈਚਾਰਿਆਂ ਲਈ, ਜਿਸ ਵਿੱਚ ਦੂਰ-ਦੁਰਾਡੇ ਭਾਈਚਾਰਿਆਂ ਵਿੱਚ ਬਿਜਲੀ ਉਤਪਾਦਨ ਲਈ ਡੀਜ਼ਲ ਦੀ ਖ਼ਪਤ ਘਟਾਉਣ ਲਈ $34 ਮਿਲੀਅਨ ਸ਼ਾਮਲ ਹਨ।
- $12 ਮਿਲੀਅਨ, ਸਕੂਲਾਂ ਵਿੱਚ ਕਾਰਬਨ ਨਿਊਟਰਲ ਕੈਪੀਟਲ ਪ੍ਰੋਗਰਾਮ ਦੇ ਤਹਿਤ ਊਰਜਾ-ਕੁਸ਼ਲਤਾ ਦਾ ਪੱਧਰ ਵਧਾਉਣ ਲਈ।
- $11 ਮਿਲੀਅਨ, ਤਾਂ ਕਿ ਸਥਾਨਕ ਸਰਕਾਰਾਂ ਦੀ ਗਠਿਤ, ਊਰਜਾ-ਕੁਸ਼ਲ ਭਾਈਚਾਰਿਆਂ ਲਈ ਯੋਜਨਾ ਬਣਾਉਣ ਵਿੱਚ ਮਦਦ ਕਰਨ ਲਈ ਇੱਕ ਨਵਾਂ ਪ੍ਰੋਗਰਾਮ ਵਿਕਸਤ ਕੀਤਾ ਜਾ ਸਕੇ ਅਤੇ ਉਸ ਲਈ ਮਾਲੀ ਮਦਦ ਦਿੱਤੀ ਜਾ ਸਕੇ।

ਸੂਬਾ ਸਰਕਾਰ ਇੱਕ ਸੰਪਤੀ-ਨਿਰਧਾਰਤ ਸ਼ੁੱਧ ਊਰਜਾ ਢਾਂਚਾ ਵਿਕਸਤ ਕਰਨ ਲਈ ਵੀ ਵਚਨਬੱਧ ਹੈ, ਤਾਂ ਕਿ ਘਰਾਂ ਦੇ ਮਾਲਕਾਂ ਅਤੇ ਇਮਾਰਤਾਂ ਦੇ ਮਾਲਕਾਂ ਨੂੰ ਊਰਜਾ-ਕੁਸ਼ਲ ਸੁਧਾਰ ਕਰਨ ਲਈ ਵਿੱਤੀ ਮਦਦ ਦਿੱਤੀ ਜਾ ਸਕੇ ਜਿਸ ਨਾਲ ਖ਼ਰਚਾ ਅਤੇ ਉਤਸਰਜਨ ਘਟੇਗਾ।

**ਉਦਯੋਗਾਂ ਅਤੇ ਕਲੀਨਟੈੱਕ ਨਾਲ ਸਹਿਯੋਗ**

ਉਤਸਰਜਨ ਘਟਾਉਣ, ਕਲੀਨ-ਟੈੱਕ ਖੇਤਰ ਦਾ ਦਾਇਰਾ ਵਧਾਉਣ ਅਤੇ ਵਿਸ਼ਵ-ਵਿਆਪੀ ਮੁਕਾਬਲਾ-ਸਮਰੱਥਾ ਨੂੰ ਮਜ਼ਬੂਤ ਕਰਨ ਲਈ ਸੂਬਾ ਸਰਕਾਰ ਉਦਯੋਗ ਲਈ ਕਲੀਨ ਬੀ ਸੀ ਪ੍ਰੋਗਰਾਮ ਲਈ ਨਵੀਂ ਮਾਲੀ ਮਦਦ ਦੇ ਰੂਪ ਵਿੱਚ $96 ਮਿਲੀਅਨ ਪ੍ਰਦਾਨ ਕਰ ਕੇ ਉਦਯੋਗ ਨਾਲ ਭਾਈਵਾਲੀ ਕਰਨਾ ਜਾਰੀ ਰੱਖ ਰਿਹਾ ਹੈ। ਇਹ ਤਿੰਨ-ਸਾਲਾ ਨਿਰਧਾਰਣ $519 ਮਿਲੀਅਨ ਤੱਕ ਹੋਵੇਗਾ ਅਤੇ ਇਹ ਕਾਰਬਨ ਟੈਕਸ ਵਿੱਚ ਹੋਣ ਵਾਲੇ ਯੋਜਨਾਬੱਧ ਵਾਧਿਆਂ ਦੇ ਅਨੁਰੂਪ ਹੈ। ਬਜਟ 2021 ਇਹ ਵੀ ਪ੍ਰਦਾਨ ਕਰੇਗਾ:

- $60 ਮਿਲੀਅਨ, ਤਾਂ ਕਿ ਫ਼ੈਡਰਲ ਸਰਕਾਰ ਨਾਲ ਭਾਈਵਾਲੀ ਦੇ ਅਵਸਰਾਂ ਦਾ ਦਾਇਰਾ ਵਧਾਉਣ ਲਈ ਸੈਂਟਰ ਫ਼ੌਰ ਇਨੋਵੇਸ਼ਨ ਐਂਡ ਕਲੀਨ ਐਨਰਜੀ ਨੂੰ ਸਹਾਇਤਾ ਦਿੱਤੀ ਜਾ ਸਕੇ ਅਤੇ ਕਲੀਨਟੈੱਕ ਨਿਵੇਸ਼ ਕੀਤੇ ਜਾ ਸਕਣ। ਇਹ ਸੈਂਟਰ ਬੀ ਸੀ ਵਿੱਚ ਸ਼ੁੱਧ ਤਕਨਾਲੋਜੀ ਦੇ ਵਿਕਾਸ ਅਤੇ ਵਪਾਰੀਕਰਣ ਵਿੱਚ ਮਦਦ ਕਰੇਗਾ- ਜਿਸ ਨਾਲ ਵਧੀਆ ਨੌਕਰੀਆਂ ਉਤਪੰਨ ਹੋਣਗੀਆਂ ਅਤੇ ਅਲਪ-ਕਾਰਬਨ ਭਵਿੱਖ ਵੱਲ ਪਰਿਵਰਤਨ ਕਰਨ ਵਿੱਚ ਸਹਾਇਤਾ ਲਈ ਤਕਨਾਲੋਜੀ ਦੇ ਵਿਕਾਸ ਦੀ ਗਤੀ ਤੇਜ਼ ਹੋਵੇਗੀ।
- ਇਸ ਤੋਂ ਇਲਾਵਾ, ਕਲਾਈਮੇਟ ਐਕਸ਼ਨ ਸੈਕਰੇਟ੍ਰੀਏਟ ਲਈ $4 ਮਿਲੀਅਨ ਦੀ ਮਾਲੀ ਮਦਦ ਤਾਂ ਕਿ ਜਲਵਾਯੂ ਪ੍ਰਤੀ ਕਾਰਵਾਈ ਲਈ ਉਪਾਅ ਵਿਕਸਤ ਕਰਨ ਲਈ ਮੁਲਾਂਕਣ ਸਮਰੱਥਾ ਮਜ਼ਬੂਤ ਕੀਤੀ ਜਾ ਸਕੇ, ਜਿਸ ਨਾਲ ਸ਼ੁੱਧ, ਸਮਾਵੇਸ਼ੀ ਆਰਥਕ ਵਿਕਾਸ ਮਜ਼ਬੂਤ ਹੋਵੇਗਾ।

- ਮਾਲੀ ਯੋਜਨਾ ਦੌਰਾਨ, ਉਦਯੋਗਾਂ ਲਈ ਕਲੀਨ ਬੀ ਸੀ ਪ੍ਰੋਗਰਾਮ ਰਾਹੀਂ $519 ਮਿਲੀਅਨ ਦੀ ਮਾਲੀ ਮਦਦ, ਤਾਂ ਕਿ ਉਦਯੋਗਾਂ ਦੀ, ਜਿਸ ਵਿੱਚ ਜੰਗਲਾਤ ਅਤੇ ਖਨਨ ਸੰਚਾਲਨ ਵਿਧੀਆਂ ਵੀ ਸ਼ਾਮਲ ਹਨ, ਅਲਪ-ਕਾਰਬਨ ਤਕਨਾਲੋਜੀ ਵੱਲ ਪਰਿਵਰਤਨ ਕਰਨ ਵਿੱਚ ਮਦਦ ਕੀਤੀ ਜਾ ਸਕੇ।

## ਜਲਵਾਯੂ ਅਨੁਕੂਲਤਾ ਅਤੇ ਤਿਆਰੀ

ਸੂਬਾ ਸਰਕਾਰ ਜਲਵਾਯੂ ਸਬੰਧੀ ਤਿਆਰੀ ਅਤੇ ਅਨੁਕੂਲਤਾ ਨੂੰ ਮਜ਼ਬੂਤ ਕਰਨ ਲਈ ਪਹਿਲਕਦਮੀਆਂ ਵਿੱਚ ਨਿਵੇਸ਼ ਕਰਨਾ ਵੀ ਜਾਰੀ ਰੱਖ ਰਹੀ ਹੈ। ਜਲਵਾਯੂ ਸਬੰਧੀ ਖ਼ਤਰਿਆਂ ਪ੍ਰਤੀ ਬਿਹਤਰ ਕਾਰਵਾਈ ਕਰਨ ਲਈ ਅਤੇ ਇਸ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਬੀ ਸੀ ਦੀ ਜਲਵਾਯੂ ਤਤਪਰਤਾ ਅਤੇ ਅਨੁਕੂਲਤਾ ਰਣਨੀਤੀ ਦੇ ਪਹਿਲੇ ਪੜਾਅ ਵੱਜੋਂ ਯੋਜਨਾਬੰਦੀ ਅਤੇ ਕਾਰਵਾਈ ਵਿੱਚ ਸਹਾਇਤਾ ਦੇਣ ਲਈ ਬਜਟ 2021 ਵਿੱਚ $6 ਮਿਲੀਅਨ ਪ੍ਰਦਾਨ ਕੀਤੇ ਗਏ ਹਨ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 387-5710